**ਮਨਮੋਹਣ ਬਾਵਾ**

ਸਾਡਾ ਪਿੰਡ ਗੋਂਦਵਾਲ ਤੋਂ ਤਿੰਨ 'ਕੁ ਮੀਲ ਤੇ **ਬੈਰੋਵਾਲ** ਨਾਮ ਹੈਗਾ, ਬਹੁਤ ਪੁਰਾਣਾ ਪਿੰਡ, ਗੋਂਦਵਾਲ ਤੋਂ ਵੀ ਪੁਰਾਣਾ ਪਿੰਡ ਹੈ, ਉਥੋਂ, ਉਥੇ ਮੇਰਾ ਜਨਮ ਹੋਇਆ, ਉਥੇ ਹੀ ਅਸੀਂ ਰਹਿੰਦੇ ਸੀ ਤੇ ਫੇਰ, ਚਾਰ ਕੁ ਸਾਲ ਦੇ, ਤਿੰਨ ਚਾਰ ਸਾਲ ਦੇ ਉਮਰ ਵਿਚ ਮੈਂ ਇਕ ਸਾਲ **ਜੰਡਿਆਲੇ** ਰਿਹਾ, ਫੇਰ ਇਕ ਸਾਲ ਬਿਆਸ ਰਿਹਾ, ਬਿਆਸ ਸਾਡੇ ਨਾਨਕੇ ਸੀ, ਤੇ ਉਸ ਤੋਂ ਬਾਅਦ ਅਸੀਂ ਧੂਰੀ ਆ ਗਏ। ਫੇਰ ਕਿਸਮਤ ਦਾ ਹੇਰ ਫੇਰ ਇਹ ਕਿ **ਉਹਨਾਂ ਦਿਨਾਂ ਤੱਕ** ਸਾਡੇ ਵੱਡੇ ਭਰਾ, ਅਸੀਂ ਪੰਜ ਭਰਾ **ਸੀਗੇ, ਮੈਂ ਵਿਚਕਾਰਲਾ**- ਵੱਡੇ ਭਰਾ **ਮੈਟ੍ਰਿਕ** ਕਰ ਕੇ ਉਹ ਦਿੱਲੀ ਆ ਕੇ ਨੌਕਰੀ ਲੱਗ **ਗਏ** ਸੀ, ਉਹਨਾਂ ਨੇ ਸਾਨੂੰ 1942 ਦੇ ਵਿਚ ਦਿੱਲੀ ਬੁਲਾ ਲਿਆ। ਇਹ ਸਿਲਸਿਲੇ, ਇਸ ਤਰੀਕੇ ਦੇ ਨਾਲ ਅਸੀਂ ਦਿੱਲੀ ਪਹੁੰਚ ਗਏ, ਦਿੱਲੀ ਪਹੁੰਚ ਕੇ ਉਹਨਾਂ ਦਿਨਾਂ ਦੇ ਵਿਚ, 42 ਦੇ ਵਿਚ, ਦਿੱਲੀ ਦੇ ਵਿਚ ਜਿਹੜਾ ਵੀ ਕੋਈ ਬਾਹਰੋਂ ਨਵਾਂ ਆਉਂਦਾ ਸੀ ਤਾਂ ਉਹ ਕਰੋਲ ਬਾਗ਼ ਹੀ ਉਹਦਾ ਰਹਾਇਸ਼ ਹੁੰਦੀ ਸੀ। ਕਿਉਂਕਿ ਕਰੋਲ ਬਾਗ਼ ਉਸ ਵੇਲੇ ਨਵੀਂ ਆਬਾਦੀ ਸੀ ਅੰਗਰੇਜ਼ਾਂ ਨੇ ਬਨਾਈ, ਬਾਹਰਲੇ ਬੰਦਿਆਂ ਦੇ ਆਉਣ **ਲਈ,** ਰਹਿਣ ਲਈ ਤੇ ਉਥੇ ਅਸੀਂ ਰਹੇ ਹੈਂ, ਉਥੇ ਅਸੀਂ ਰਹੇ ਹੈਂ ਉਥੇ ਪੰਜਵੀਂ ਜਮਾਤ ਦੇ ਵਿਚ ਮੈਂ ਐਮ. ਬੀ. ਸਕੂਲ ਸੀ, ਉਥੇ ਪੜ੍ਹਨਾ ਸ਼ੁਰੂ ਕੀਤਾ। ਛੇਵੀਂ ਜਾਂ **ਸਾਡੇ** ਸੱਤਵੀਂ ਜਮਾਤ ਦੇ ਵਿਚ ਉਥੇ ਖਾਲਸਾ ਸਕੂਲ ਬਣਿਆ, ਕਰੋਲ ਬਾਗ਼ ਵਿਚ, ਪਹਿਲਾ, ਤੇ ਮੈਂ ਖਾਲਸਾ ਸਕੂਲ ਦਾ ਪਹਿਲੇ ਸੱਤ ਵਿਦਿਆਰਥੀਆਂ ਦੇ ਵਿਚੋਂ ਸੀ, ਪੜ੍ਹਨ ਤੋਂ ਬਾਅਦ ਜਿਵੇਂ ਕੇ ਤੁਹਾਨੂੰ ਦੱਸਿਆ ਕਿ ਸਾਡੀ ਮਾਲੀ ਹਾਲਤ ਇਸ **ਤਰਾਂ** ਹੀ ਸੀ। ਫੈਮਿਲੀ ਕਾਫੀ ਵੱਡੀ ਸੀ, ਪੰਜ ਭਰਾ, ਤਿੰਨ ਭੈਣਾਂ। ਤੇ ਇਸ ਕਰ ਕੇ ਮੈਨੂੰ ਛੇਤੀ ਤੋਂ ਛੇਤੀ ਹੀ ਨੌਕਰੀ ਕਰਨੀ ਪਈ, ਨੌਕਰੀ ਕਰਨੀ ਨਹੀਂ ਪਈ ਲੇਕਿਨ ਨੌਕਰੀ ਕਰਨ ਲਈ ਮਜਬੂਰ ਮੈਨੂੰ ਕੀਤਾ ਗਿਆ ਤੇ ਮੈਂ ਕਲਰਕੀ ਦੀ ਨੌਕਰੀ ਨਹੀਂ ਸੀ ਕਰਨਾ ਚਾਹੁੰਦਾ, ਮੈਨੂੰ ਆਰਟ ਦੀ ਸ਼ੌਕ ਹੋ ਗਿਆ ਸੀਗਾ ਸਕੂਲ ਦੇ ਦਿਨਾਂ ਵਿਚ, **ਮੈਂ ਕਿਹਾ,** ਮੈਂ ਤੇ ਆਰਟਿਸਟ ਬਣਨਾ। ਫੇਰ ਮੈਂ ਬੰਬੇ ਜਾ ਕੇ, ਇਕ ਸਾਲ ਦੋ ਸਾਲ ਉਥੇ ਬੰਬੇ ਲਗਾਏ ਤੇ ਉਥੇ ਆਰਟ ਦਾ ਕੰਮ **ਕੀਤਾ, ਸਿੱਖਿਆ,** ਫਿਰ ਦਿੱਲੀ ਆ ਗਿਆ ਪਰ ਪੂਰਾ ਪੰਜ ਸਾਲ ਦਾ ਕੋਰਸ ਨਹੀਂ ਕਰ ਸਕਿਆ, ਸੋ ਫਿਰ

ਹੌਲੀ ਹੌਲੀ ਮੈਂ ਇਥੇ ਜਿਹੜੇ ਆਰਟਿਸਟ ਮੈਨੂੰ ਮਿਲ ਗਏ ਉਹਨਾਂ ਕੋਲੋਂ ਮੈਂ ਉਹਨਾਂ ਦੇ ਘਰ ਜਾ ਕੇ **ਜਿੱਦਾਂ** ਮੈਂ ਗੁਰੂ ਸ਼ਿਸ਼ਪੰਪਰਾ ਉਹਦੇ ਤਰੀਕੇ ਦੇ ਨਾਲ ਮੈਂ ਆਰਟ ਸਿੱਖਦਾ ਰਿਹਾ। ਇਹ ਤਾਂ ਮੇਰੀ ਆਰਟ ਦੀ ਹੈਗੀ ਹੈ ਤੇ ਹੁਣ ਜੇ ਅਸੀਂ ਆਈਏ ਪੰਜਾਬੀ ਸਾਹਿਤ ਬਾਰੇ, ਤਾਂ ਜਿੰਨ੍ਹਾਂ ਵੀ ਮੇਰੀ ਜਿੰਦਗੀ ਵਿਚ ਹੋਇਆ, ਉਹ ਅਕਸੀਡੈਂਟੱਲੀ **ਹੀ** ਹੋਇਆ ਸਬ ਕੁਛ, ਅਕਸੈਂਟੱਲ ਹੋਇਆ। ਪੰਜਾਬੀ ਸਾਹਿਤ ਬਾਰੇ ਇਹ ਹੈ ਕਿ ਉਸ ਵੇਲੇ ਮੈਂ ਖਾਲਸਾ ਸਕੂਲ ਵਿਚ ਸੀਗਾ ਤੇ ਅੱਠਵੀਂ ਜਮਾਤ ਦੇ ਵਿਚ, ਉਦੋਂ ਉਰਦੂ ਮੀਡੀਅਮ ਹੁੰਦਾ ਸੀ, ਉਹਨਾਂ ਦਿਨਾਂ ਵਿਚ, ਪੰਜਾਬੀ ਨਹੀਂ ਸੀ ਹੁੰਦਾ, ਅੱਠਵੀਂ ਜਮਾਤ ਦੇ ਵਿਚ ਇਕ ਟੀਚਰ ਆਇਆ ਜਿਹਨਾਂ ਨੇ ਔਪਸ਼ਨਾਲ ਉਰਦੂ ਪੜ੍ਹਾਉਣੀ ਸ਼ੁਰੂ ਕਰ ਦਿੱਤੀ, ਉਸ ਟੀਚਰ ਦਾ ਨਾਮ ਸੀਗਾ **ਹਰੀਭਜਨ** ਸਿੰਘ ਤੇ ਉਹਨਾਂ ਨੇ, ਮੈਂ ਲਾਇਬ੍ਰੇਰੀ 'ਚ ਜਿਸ ਵੇਲੇ ਜਾਣਾ, ਉਹਨਾਂ ਨੇ ਮੈਂ ਸੋਹਣੀਆਂ ਸੋਹਣੀਆਂ ਕਿਤਾਬਾਂ ਦੇਣੀਆਂ, ਕਿ ਕਾਕਾ **ਐਹ** ਪੜ੍ਹ, ਕਾਕਾ **ਐਹ** ਪੜ੍ਹ, ਕਾਕਾ **ਐਹ** ਪੜ੍ਹ ਤੇ ਮੈਨੂੰ ਯਾਦ ਹੈ ਕੇ ਉਹਨਾਂ ਨੇ ਮੈਨੂੰ 'ਐਜਾਜ਼', ਨਾ, 'ਸੁੰਦਰੀ' ਦਿੱਤੀ ਪੜ੍ਹਨ ਲਈ, 'ਵਿਜੈ ਸਿੰਘ' ਵੀ ਦਿੱਤਾ ਪੜ੍ਹਨ ਲਈ, **ਇਹ** ਦੋਨੋਂ ਇਤਿਹਾਸਿਕ ਨਾਵਲ ਸੀਗੇ। ਤੇ ਇਦਾਂ ਮੇਰਾ ਸਾਹਿਤ ਨਾਲ ਪਹਿਲਾ ਜਿਹੜਾ ਇੰਟ**ਰੈਸਟ** ਸੀਗਾ ਉਹ ਕਿਤਾਬਾਂ ਦੇ ਰਾਹੀਂ ਹੋਇਆ। ਫੇਰ ਮੈਂ ਸੋਚਿਆ ਕਿ ਬਈ, ਮੈਂ ਨੌਕਰੀ ਕਰਨ ਲੱਗ ਪਿਆ ਐਜ਼ ਐਨ ਆਰਟਿਸਟ, ਮੈਂ ਸੋਚਿਆ ਕਿ ਬਈ ਪੜ੍ਹਨਾ ਵੀ ਚਾਹੀਦਾ ਹੈ। ਆਦਮੀ ਅਨਪੜ੍ਹ ਹੋਵੇ ਤਾਂ ਚੰਗਾ ਨਹੀਂ ਲੱ**ਗਦਾ**, ਘੱਟ ਤੋਂ ਘੱਟ ਬੀ. ਏ. ਤਾਂ ਕਰ ਹੀ ਲਈਏ ਤੇ ਬੀ. ਏ. ਕਰਨ ਦੇ ਲਈ ਉਸ ਵੇਲੇ ਇਹ ਹੀ ਸਾਧਨ ਸੀ ਕਿ ਪਹਿਲਾਂ ਗਿਆਨੀ ਕਰ ਲਓ, ਪਰਾਈਵੇਟਲੀ ਫਿਰ ਪਰਾਈਵੇਟਲੀ ਬੀ. ਏ. ਕਰ ਲਓ ਤੇ ਜਿੱਦਾਂ ਮੈਂ ਕਿਹਾ ਕਿ ਕਾਲਜ ਦੇ ਵਿਚ ਮੈਂ ਦਾਖਲਾ ਨਹੀਂ ਹੋ ਸਕਦਾ, ਮੈਂ ਕਮਾ ਰਿਹਾ ਸੀਗਾ, ਸੋ ਮੈਂ ਗਿਆਨੀ ਕਰਨ ਲੱਗ ਪਿਆ। ਉਥੇ ਮੇਰੀ ਖੁਸ਼ਕਿਸਮਤੀ ਇਹ, ਇਹੇ ਹੇ, ਕਿ ਅੱਛੇ ਅੱਛੇ, ਉਸ ਸਮੇਂ ਦੇ ਅੱਛੇ ਜਿਹੜੇ ਰਾਈਟਰ ਸੀਗੇ, ਉਹਨਾਂ ਨਾਲ ਮੇਰਾ ਥੋੜਾ ਥੋੜਾ ਵਾਸਤਾ ਪਿਆ। ਪਹਿਲਾਂ ਤਾਂ ਇਹ ਕਿ ਉਹਨੂੰ ਚਲਾਣ ਵਾਲੇ ਨਾਟਕਕਾਰ ਡਾਕਟਰ ਹਰਚਰਨ ਸਿੰਘ ਸੀ, ਉਸ ਦੇ ਨਾਲ ਹੋਰ ਦੋ ਸਾਹਿਤਕਾਰ

ਸੀਗੇ ਤੇ ਨਾਲ ਉਹ ਅੱਛੇ ਅੱਛੇ ਜਿਹੜੇ ਰਾਈਟਰ ਨੇ, ਸੁਜਾਨ ਸਿੰਘ ਹੋਇਆ, ਸੰਤ ਸਿੰਘ ਸੇਖੋਂ ਹੋਇਆ, ਉਹਨਾਂ ਨੂੰ ਰੂਬਰੂ ਕਰਦੇ ਸੀ ਸਾਡੀ ਕਲਾਸ ਦੇ। ਇਸ **ਤਰਾਂ** ਸਦਾ ਉਹ ਦੇ ਨਾਲ ਇੰਟ**ਰੈਸਟ** ਪੈਦਾ ਹੋਇਆ ਸਾਹਿਤ ਦੇ ਵਿਚ, ਪਹਿਲਾਂ ਪੜ੍ਹ ਕੇ, ਫਿਰ ਉਹਨਾਂ ਦੀਆਂ ਗੱਲਾਂ ਸੁਣ ਕੇ, ਤੇ ਫੇਰ ਜਦੋਂ ਅਸੀਂ ਪਾਸ ਕਰ ਲਈ, ਗਿਆਨੀ ਪਾਸ ਕਰ ਲਈ, ਤੇ ਜਿੰਨ੍ਹੇ ਵੀ ਸਟੂਡੈਂਟ ਸੀ, ਜਿਹਨਾਂ ਨੂੰ ਸਾਹਿਤ ਦੇ ਵਿਚ ਥੋੜਾ ਇੰਟ**ਰੈਸਟ** ਪੈਦਾ ਹੋ ਗਿਆ, ਉਹਨਾਂ ਨੇ ਕਿਹਾ ਕਿ ਅਸੀਂ ਇਸ ਚੀਜ਼ ਨੂੰ ਜਾਰੀ ਰੱਖੀਏ, ਆਪਣੇ ਇੰਟ**ਰੈਸਟ** ਨੂੰ ਤੇ ਅਸੀਂ ਆਪਣੀ ਇਕ ਸਾਹਿਤ ਸਭਾ ਬਣਾਈ ਤੇ ਜਿਹਦਾ ਨਾਮ ਰੱਖਿਆ 'ਨਵੀਨ ਪੰਜਾਬੀ ਸਾਹਿਤ ਸਭਾ' ਕਿਉਂ ਉਸ ਵੇਲੇ **ਸਹਿਤ** ਸਭਾ ਇਕ ਹੋਰ ਹੁੰਦੀ ਸੀ, ਜਿੱਥੇ ਸਾਡਾ ਖਿਆਲ ਸੀ ਕਿ ਬੜੇ ਅੱਛੇ ਵੱਡੇ ਵੱਡੇ ਰਾਈਟਰ ਆਉਂਦੇ ਨੇ ਤੇ ਸਾਨੂੰ ਓਥੇ **ਜਾਂਦਿਆਂ** ਸ਼ਰਮ ਆਉਂਦੀ ਸੀ, ਪੜ੍ਹਦਿਆਂ ਸ਼ਰਮ ਆਉਂਦੀ ਸੀ ਤੇ 'ਨਵੀਨ ਪੰਜਾਬੀ ਸਾਹਿਤ ਸਭਾ' ਦੀ ਟਰਡੀਸ਼ਨ ਅਸੀਂ ਉਹੀ ਰੱਖੀ ਜੋ ਸਾਹਿਤ ਸਭਾ ਦੀ ਸੀ। ਹਰ ਹਫਤੇ ਅਸੀਂ ਮੰਗਲਵਾਰ ਮੀਟਿੰਗ ਕਰਦੇ ਸੀ, ਉਹ ਐਤਵਾਰ ਕਰਦੇ ਸੀ, ਤੇ ਫੇਰ ਪੰਜ ਛੇ ਸਾਲ ਬਾਅਦ ਜਿਸ ਵੇਲੇ ਸਾਨੂੰ ਕੌਨਫੀਡੈਂਸ ਹੋ ਗਿਆ, ਫੇਰ ਹੁਣ ਅਸੀਂ ਵੀ ਉੱਥੇ ਜਾ ਸਕਦੇ**ਆਂ**, ਤੇ ਫੇਰ ਅਸੀਂ 'ਨਵੀਨ ਪੰਜਾਬੀ ਸਾਹਿਤ ਸਭਾ' ਬੰਦ ਕਰ ਕੇ, ਸਾਰੇ ਦੇ ਸਾਰੇ ਅਸੀਂ 'ਪੰਜਾਬੀ ਸਾਹਿਤ ਸਭਾ' ਦੇ **ਮੈਂਬਰ** ਬਣ ਗਏ। ਬਿਲਕੁਲ ਸਾਰੇ ਦੇ ਸਾਰੇ ਲੇਖਕ ਸੀਗੇ, ਕੋਈ ਕਵਿਤਾ ਲਿਖਦਾ ਸੀ, ਕੋਈ ਕਹਾਣੀਆਂ ਲਿਖਦਾ ਸੀ, ਇਕ ਦੋ ਆਰਟੀਕਲ ਵੀ ਲਿਖਦੇ ਸੀ, ਸਾਰੇ ਦੇ ਸਾਰੇ ਲਿਖਦੇ ਸੀ, ਤੇ ਤਕਰੀਬਨ ਸਾਰੇ ਦੇ ਸਾਰੇ ਉਸ ਦੇ **ਮੈਂਬਰ** ਬਣ ਗਏ। ਉਹਦੇ ਵਿਚ ਜਿਸ **ਤਰਾਂ** ਹੁੰਦਾ ਹੈ ਕਿ ਕਿਸੇ ਦੀ ਬਦਲੀ ਇੱਧਰ ਹੋ ਗਈ, ਕਿਸੇ ਦੀ ਉਧਰ ਹੋ ਗਈ ਤੇ **ਤਿੰਨ** ਚਾਰ ਉਹਦੇ ਨਾਲ ਹ**ਮੇਸ਼ਾਂ** ਕਾਫੀ ਦੇਰ **ਤੱਕ** ਲਗੇ ਰਹੇ ਤੇ ਮੈਂ ਅਖੀਰ ਤਕ ਲੱਗਿਆ ਰਿਹਾ ਹੈਂ, ਇਹ ਮੈਂ ਕਹਿ ਸਕਦਾ ਹਾਂ। ਮੀਟਿੰਗਾਂ ਜਿਹੜੀਆਂ **ਸੀਗੀਆਂ** ਉਹ ਗਿਆਨੀ ਹ**ਰੀ** ਸਿੰਘ ਦੇ ਘਰ ਹੁੰਦੀਆਂ ਸੀ ਤੇ ਵੀਹ ਤੀਹ ਸਾਲ ਤਕ ਜਦ ਤਕ ਉਹ ਜੀਂਦੇ ਰਹੇ, ਉਹਨਾਂ ਦੇ ਘਰ ਹੀ ਹੁੰਦੀਆਂ ਰਹੀਆਂ। ਤੇ ਇਹ ਦੇਖੋ ਕਿ ਉਹਨਾਂ ਦਿਨਾਂ 'ਚ ਸਾਈਕਲ ਹੀ ਹੁੰਦੀ ਸੀ ਤੇ ਐਤਵਾਰ

ਦੇ ਦਿਨ ਸ਼ਾਮੀਂ ਉਹਨਾਂ ਦੇ ਘਰ ਦੇ ਬਾਹਰ **ਸਾਈਕਲਾਂ** ਦੀ ਭੀੜ ਲੱਗੀ ਹੁੰਦੀ ਸੀਗੀ, ਬਹੁਤ ਪਿਆਰ ਨਾਲ ਸਾਰੇ ਬੈਠਦੇ, ਇਕ ਕਮਰਾ ਹੁੰਦਾ ਸੀ, ਦਰੀ **ਵਿਛੀ** ਤੇ ਚਾਰੋਂ ਪਾਸੇ ਕੰਧ ਨਾਲ **ਢੋਅ** ਲਾਹ ਕੇ **ਬੈਹ** ਜਾਣਾ ਤੇ ਹਰ ਇਕ ਨੇ ਕਹਾਣੀਆਂ ਪੜ੍ਹਨੀਆਂ, ਕਵਿਤਾਵਾਂ ਪੜ੍ਹਨੀਆਂ, ਤੇ **ਹਰ** ਇਕ ਨੂੰ ਟਾਈਮ ਮਿਲਦਾ ਸੀ **ਵਾਰੀ ਵਾਰੀ**, ਤੂੰ ਬੋਲ, ਤੂੰ ਬੋਲ, ਤੂੰ ਬੋਲ ਤੇ ਜੇ ਦਸ ਬੰਦੇ ਹੋਏ ਤਾਂ **ਦਸ** ਨੇ ਬੋਲਣਾ, ਵੀਹ ਬੰਦੇ ਹੋਏ ਤਾਂ ਵੀਹ ਨੇ ਬੋਲਣਾ, ਤੇ ਬਹੁਤ ਕੰਸਟ੍ਰਕਟਿਵ ਕ੍ਰਿਟੀਸਿਜ਼ਮ ਹੁੰਦਾ ਸੀਗਾ। ਤੇ ਉਹਨਾਂ ਦੇ ਵਿਚ ਗਿਆਨੀ ਹਰੀ ਸਿੰਘ ਸੱਭ ਤੋਂ ਜ਼ਿਆਦਾ ਕਾਬਿਲ ਆਦਮੀ ਸੀ, ਬਹੁਤ ਪੜ੍ਹੇ ਲਿਖੇ।

ਲੋਗ ਤਾਂ ਜਿਹੜੇ ਮੈਂ ਤੁਹਾਨੂੰ ਦੱਸੇ ਉਹ ਹੀ ਸੀਗੇ, ਉਸ ਤੋਂ ਇਲਾਵਾ ਕਿਰਪਾਲ ਸਿੰਘ ਆਜ਼ਾਦ ਸੀ, ਸੁਰਜੀਤ ਸਿੰਘ ਸੀ, ਹੋਰ ਬੜੇ ਸੀਗੇ, ਪਿਆਰਾ ਸਿੰਘ **ਭੌਰ** ਇਕ ਹੁੰਦਾ ਸੀ, ਜਿਹੜੇ ਫਿਰ ਆ ਗਏ ਲੁਧਿਆਣਾ, ਉਹਨਾਂ ਨੇ ਆਪਣਾ ਚੇਂਜ ਕਰ ਲਿਆ ਸੀ, ਪਰਮਜੀਤ ਸਿੰਘ ਨਾਮ ਰੱਖ ਲਿਆ ਸ਼ਾਇਦ, ਪਰਮਿੰਦਰ ਸਿੰਘ, ਉਹ ਸੀ ਤੇ ਸਾਰੀਆਂ ਨੇ ਉਸਦੀ ਬੜੀ ਤਾਰੀਫ ਕੀਤੀ, ਉਸ ਦੇ ਨਾਮ ਦੇ ਉੱਤੇ ਇੱਕ ਕਿਤਾਬ ਵੀ ਮੇਰੀ ਛਪੀ ਕਹਾਣੀਆਂ ਦੀ ਉਸ ਕਿਤਾਬ ਦਾ ਨਾਮ ਸੀ 'ਇਕ ਰਾਤ'। ਉਹ ਸਾਰੀ**ਆਂ** ਦੀ ਸਾਰੀ**ਆਂ** ਕਹਾਣੀਆਂ ਜਿੱਦਾਂ ਹਰ ਇਕ ਦੀ ਲੇਖਕ ਦੀ**ਆਂ** ਸ਼ੁਰੂ ਸ਼ੁਰੂ ਦੇ ਲੇਖ**ਕਾਂ** ਦੀਆਂ ਹੁੰਦੀਆਂ ਨੇ ਆਪਣੇ ਜੀਵਨ ਦੀ ਘਟਨਾਵਾਂ ਦੇ ਉਤੇ ਨਿਰਭਰ ਹੁੰਦੀਆਂ ਨੇ, ਅਧਾਰਿਤ ਹੁੰਦੀਆਂ ਨੇ। ਉਹ ਹੀ ਮੇਰੇ ਜੀਵਨ ਦੀ ਇਕ ਘਟਨਾ ਸੀ, ਜਿਸ ਦੇ ਬੇਸ ਉੱਤੇ ਮੈਂ ਕਹਾਣੀ ਲਿਖੀ ਤੇ **ਉਹਦੇ ਵਿੱਚ** ਥੋੜਾ ਜਿਹਾ ਚੇਂਜ ਕਰ ਕੇ ਓਹਨੂੰ ਕਹਾਣੀ ਬਣਾ ਲਿਆ, **ਉਹ** ਉਸ ਤ**ਰਾਂ** ਦੀ ਕਹਾਣੀ ਸੀ। ਕਿ 1947 ਤੋਂ ਲੈ ਕੇ ਤੇ 1984 ਤੱਕ, ਕਿੰਨੇ ਸਾਲ ਹੋ ਗਏ? 35-40 ਸਾਲ। ਹਾਂ, ਉਹ ਗਿਆਨੀ ਹਰੀ ਸਿੰਘ ਦੇ ਕੁਆਰਟਰ ਵਿਚ ਹੁੰਦੀ ਰਹੀ। ਉਸ **ਤੋਂ ਬਾਅਦ** 84 ਆ ਗਿਆ ਤੇ ਉਹਦੇ ਵਿਚ ਦੰਗੇ **ਦੁੰਡੇ** ਹੋਏ ਤੇ ਉਹਦੇ ਵਿਚ ਸਾਡੇ **ਜਿਹੜੇ ਕਾਰਕੁੰਨ** ਸੀਗੇ ਉਹ ਕੁਛ ਮਾਰੇ ਵੀ ਗਏ, ਗਿਆਨੀ ਕੁਲਦੀਪ ਸਿੰਘ ਨੂੰ ਕਤਲ ਕਰ ਦਿੱਤਾ ਗਿਆ, ਹਰੀ ਸਿੰਘ ਜੀ ਉਸ ਵੇਲੇ ਬਹੁਤ ਬੁੱਢੇ ਹੋ ਗਏ ਤੇ ਰਿਟਾਇਰ ਵੀ ਹੋ ਗਏ, ਤੇ ਉਹਨਾਂ ਦਾ ਕੁਆਰਟਰ ਵੀ ਛੁੱਟ ਗਿਆ, ਕੋਠੀ

ਬਣ ਗਈ ਸੀ, ਮਿਲ ਗਈ ਸੀ ਉਦੋਂ **ਤੱਕ** ਤੇ। ਪਰ ਗਿਆਨੀ ਕੁਲਦੀਪ ਸਿੰਘ ਆਪਣੇ ਮਰਨ ਤੋਂ ਪਹਿਲਾਂ ਕਿਸੇ ਨੂੰ ਮਿਲ ਮਿਲਾ ਕੇ, 'ਪੰਜਾਬੀ ਸਾਹਿਤ ਸਭਾ' ਦੇ ਲਈ ਜ਼ਮੀਨ ਉਹਨਾਂ ਦੇ **ਮੁਹਈਆ** ਕਰ ਲਈ ਸੀ ਤੇ ਤੁਹਾਨੂੰ ਸ਼ਾਇਦ ਪਤਾ ਹੋਵੇ ਕਿ ਇੰਸਟੀਚਿਊਸ਼ਨਲ ਬਣਿਆ ਹੈ, ਉਥੇ ਏਰੀਆ ਬਣਿਆ ਜਿਥੇ ਹਿੰਦੀ ਭਵਨ, ਉਰਦੂ ਭਵਨ, ਪੰਜਾਬੀ ਭਵਨ ਤੇ ਇਦਾਂ ਦੇ ਹੋਰ ਵੀ ਤਿੰਨ ਚਾਰ ਭਵਨ ਨੇ, ਓਥੇ ਉਹਨਾਂ ਨੇ ਜਗਾਹ ਲੈ ਲਈ ਕਿ ਤੇ ਕਿਉਂਕਿ ਸੱਭ ਤੋਂ ਪਹਿਲਾਂ ਉਹਨਾਂ ਨੇ ਜਗਾਹ ਲੈ ਲਈ ਤੇ ਸਭ ਤੋਂ ਜ਼ਿਆਦਾ ਜ਼ਮੀਨ ਸਾਡੇ ਪਾਸ ਯਾਨੀ ਕਿ 'ਪੰਜਾਬੀ ਸਾਹਿਤ ਸਭਾ' ਦੇ ਕੋਲ ਹੀ ਹੈ। ਤੇ ਜ਼ਮੀਨ ਲੈਣ ਤੋਂ ਕਈ ਸਾਲ ਤਕ ਉਥੇ ਕੁਛ ਨਹੀਂ ਹੋਇਆ ਕਿਉਂਕਿ ਉਥੇ ਜ਼ਮੀਨ ਦੇ ਲਈ ਉਸ ਤੋਂ ਬਾਅਦ ਪੈਸਾ ਚਾਹੀਦਾ ਹੈ, ਪੈਸਾ ਕਿਥੋਂ ਮਿਲੇ? ਤੇ ਫੇਰ ਅਸਾਂ ਉਹ ਦੇ ਦੀਵਾਰ ਬਣਾ ਕੇ ਇਕ ਕਮਰਾ ਛੋਟਾ ਜਿਹਾ ਬਣਾ ਲਿਆ ਜਿਹਦੇ ਉੱਤੇ ਟੀਨ ਦੀ ਛੱਤ ਪਾ ਲਈ ਤੇ ਉਥੇ ਫੇਰ ਮੀਟਿੰਗਾਂ ਸ਼ੁਰੂ ਕੀਤਿਆਂ। ਫੇਰ **ਭਾਪਾ** ਪ੍ਰੀਤਮ ਸਿੰਘ ਜਿਹੜੇ ਸੀ ਉਹ ਵੀ ਪਿਕਚਰ ਵਿਚ ਆਏ, ਪਹਿਲਾਂ ਇਹ ਪਿਕਚਰ ਵਿਚ ਸੀਗੇ ਵੈਸੇ ਤਾਂ, ਤੇ ਫੇਰ ਇਕ ਟ੍ਰਸਟ ਬਣਿਆ, ਟ੍ਰਸਟ ਬਣਾ ਕੇ ਤੇ ਉਹਨਾਂ ਨੇ ਇਧਰੋਂ ਉਧਰੋਂ ਪੈਸਾ ਕੱਠਾ ਕਰ ਕੇ ਤੇ ਉਥੇ ਇਕ ਬਿਲਡਿੰਗ ਖੜੀ ਕੀਤੀ ਤੇ ਉਥੇ ਹੁਣ 'ਪੰਜਾਬੀ ਸਾਹਿਤ ਸਭਾ' ਦੀਆਂ ਮੀਟਿੰਗਾਂ ਮਹੀਨੇ 'ਚ ਇਕ ਵਾਰੀ ਹੁੰਦੀਆਂ, ਪਹਿਲਾਂ ਹਫਤੇ 'ਚ ਇੱਕ ਵਾਰੀ ਹੁੰਦੀਆਂ ਸੀ ਤੇ ਹੁਣ ਮਹੀਨੇ 'ਚ ਇਕ ਵਾਰੀ ਹੁੰਦੀਆਂ ਨੇ। ਹਲੇ ਵੀ ਜਾਰੀ ਹਨ। ਇਕ ਗੱਲ ਜਿਹੜੀ ਐੱਡ ਕਰਨੀ ਸੀ ਇਕ ਤਾਂ **ਕਿ** ਅਸੀਂ ਆਰਟ ਹੁੰਦੇ ਸੀਗੇ, ਲੇਖਕ ਦਿੱਲੀ ਦੇ ਤੇ ਇਸ ਤੋਂ ਇਲਾਵਾ ਵੀ ਜਿਹੜੇ ਵੱਡੇ ਲੇਖਕ ਕਿਸੇ ਵੇਲੇ ਉਥੇ ਗੁਜ਼ਰਨ ਜਾਂ ਉਥੇ ਬਹੁਤ ਵੱਡੇ ਹੁੰਦੇ ਸੀ, ਉਹਨਾਂ ਨੂੰ ਵੀ ਕਦੇ ਕਦੇ ਬੁਲਾ **ਲੈਂਦੇ** ਸੀ, ਉਹਨਾਂ ਵਿਚੋਂ ਭੀਸ਼ਮ ਸਾਹਨੀ ਵੀ ਆਇਆ, ਵਿਰਾਜ ਸਾਹਨੀ ਵੀ ਆਇਆ, ਦਵਿੰਦਰ ਸਤਿਆਰਥੀ ਤਾਂ ਆਂਦਾ ਹੀ ਰਹਿੰਦਾ ਸੀਗਾ, ਅੰਮ੍ਰਿਤਾ ਪ੍ਰੀਤਮ ਵੀ ਆਈ, ਤੇ ਹੋਰ ਵੀ ਸਾਰੇ ਆਉਂਦੇ ਰਹੇ ਤੇ ਉਹਨਾਂ ਦੇ ਕੋਲੋਂ ਵੀ ਸਾਹਨੂੰ ਬਹੁਤ ਕੁਛ ਗੇਨ ਹੁੰਦਾ ਰਿਹਾ। ਬਾਕੀ ਜਿਹੜਾ ਤੁਸੀਂ ਹੁਣ ਕੁਏਸ਼ਚਨ ਕੀਤਾ ਹੈ, ਉਹ ਤੇ ਬੜੇ ਸਿੰਪਲ ਹੈ ਕਿ ਜੀਹਦੇ ਵਿਚ ਵੀ ਤੁਹਾਨੂੰ ਇੰਟਰੈਸਟ ਹੋਏਗਾ,

ਤੇ ਲਾਈਕ ਮਾਈਂਡਡ ਤੁਸੀਂ, ਸੰਗਤ ਹੋਏਗੀ, ਤੇ ਉਹਦੇ ਵਿਚ ਬੈਠਣ ਵਿਚ, ਡਿਸਕਸ ਕਰਣ ਵਿਚ ਤੁਹਾਨੂੰ ਚੰਗਾ ਲਗੇਗਾ, ਉਤਸ਼ਾਹ ਮਿਲੇਗਾ ਅੱਗੇ ਕੁਛ ਕਰਨ ਲਈ, ਅੱਗੇ ਕੁਛ ਲਿਖਣ ਦੇ ਲਈ।

ਨਿਜੀ ਤੌਰ ਤੇ ਇਹ ਹੀ ਹੈ ਕਿ ਜਿਸ ਵੇਲੇ ਆਦਮੀ ਸ਼ੁਰੂ ਕਰਦਾ ਹੈ ਲਿਖਣਾ, ਤਾਂ ਉਹਨੂੰ ਸਿਰਫ, ਕਹਾਣੀਆਂ ਪੜ੍ਹੀਆਂ ਹੁੰਦੀਆਂ ਨੇ ਉਸ ਨੇ, ਤੇ ਉਸ ਤੋਂ ਗਾਈਡੈਂਸ ਲੈਂਦਾ ਹੈ ਲੇਕਿਨ ਉਹ ਗਾਈਡੈਂਸ ਪੂਰੀ ਨਹੀਂ ਹੁੰਦੀ, ਥੋੜ੍ਹਾ ਜੇਹਾ ਆਈਡਿਆ ਮਿਲਦਾ ਹੈ ਉਸ ਨੂੰ, ਲੇਕਿਨ ਅਸਲੀ ਗਾਈਡੈਂਸ ਹੈ ਕਿ ਜਿਸ ਵੇਲੇ ਤੁਸੀਂ ਕਹਾਣੀ ਲਿਖਦੇ ਹੋ, ਤਾਂ ਲੱਗਦਾ ਹੈ ਤੁਹਾਨੂੰ ਕਿ "ਆਹ, ਮੇਰੀ ਤਾਂ ਪਰਫੈਕਟ ਕਹਾਣੀ ਬਣ ਗਈ, ਮੈਂ ਪੜ੍ਹਾਂਗਾ ਤਾਂ ਵਾਹ ਵਾਹ ਹੋਏਗੀ ਤੇ ਤਾਲੀਆਂ **ਈ ਵੱਜਣਗੀਆਂ**" ਤੇ ਬਾਅਦ ਦੇ ਵਿਚ, ਜਿਸ ਵੇਲੇ ਉਹ, ਉਹਦੇ ਬਾਰੇ ਕ੍ਰਿਟੀਸਿਜ਼ਮ ਹੁੰਦਾ ਹੈ, **ਜਾਂ** ਆਪਣੇ ਆਪਣੇ ਵਿਊ ਹੁੰਦੇ ਨੇ, ਫਿਰ ਤੁਹਾਨੂੰ ਪਤਾ ਲੱਗਦਾ ਹੈ ਕਿ ਇਹਦੇ ਵਿਚ **ਕੀ ਕੀ ਕਮੀ**ਆਂ ਸੀ, **ਕੀ ਕੀ** ਚੰਗੀਆਂ ਗੱਲਾਂ ਸੀਗੀਆਂ, ਤੇ ਉਹ ਦੇ **ਤੁਸੀਂ** ਹਿਸਾਬ ਦੇ ਨਾਲ ਤੁਸੀਂ ਦੋਬਾਰਾ ਲਿਖਦੇ ਹੋ, ਉਸ ਨੂੰ ਸਹੀ ਵੀ ਕਰਦੇ ਹੋ, ਇਮਪਰੂਵ ਵੀ ਕਰਦੇ ਹੋ **ਜਾਂ** ਦੂਸਰੀਆਂ ਕਹਾਣੀਆਂ ਲਿਖਦੇ ਹੋ, ਫਿਰ ਉਸ ਦੇ ਤਰੀਕੇ ਦੇ ਨਾਲ ਤੁਸੀਂ ਅੱਗੇ ਵੱਧਦੇ ਹੋ, ਤੇ ਕਈ ਵਾਰੀ ਉਹ ਬੰਧਨ ਵੀ ਬਣ ਜਾਂਦੇ ਹਾ। ਪਰ ਸ਼ੁਰੂ ਸ਼ੁਰੂ ਦੇ ਵਿਚ ਤਾਂ ਡਿਸਿਪਲਿਨ ਜਿਸ ਨੂੰ ਕਹਿੰਦੇ ਨੇ, ਉਹਦੇ ਡਿਸਿਪਲਿਨ ਤਾਂ ਜ਼ਰੂਰੀ ਹੈ, ਚਾਹੇ ਆਰਟ ਹੋਵੇ, ਚਾਹੇ ਡਾਂਸ ਹੋਵੇ, **ਚਾਹੇ** ਸੰਗੀਤ ਹੋਵੇ, ਚਾਹੇ ਕਹਾਣੀ ਹੋਵੇ, ਉਹ ਡਿਸਿਪਲਿਨ ਦੇ ਨਾਲ ਚਲਦੇ ਚਲਦੇ, ਜਿਸ ਵੇਲੇ ਤੁਸੀਂ, ਤੁਹਾਨੂੰ, ਕੰਟਰੋਲ ਹੋ ਜਾਵੇ ਆਪਣੀ ਵਿਧਾ ਦੇ ਉੱਤੇ, ਫਿਰ ਤੁਸੀਂ ਆਪਣੇ ਅਜ਼ਾਦਾਨਾਂ ਖਿਆਲ ਨਾਲ ਖੁਲ ਵੀ, **ਖੁੱਲਾਂ** ਵੀ **ਲੈ** ਸਕਦੇ ਹੋ, ਤੇ ਇਦਾਂ ਮੈਨੂੰ ਬਹੁਤ ਕੁਛ, ਬਹੁਤ ਫਾਇਦਾ ਹੋਇਆ, **ਉਹਨਾਂ** ਸਾਹਿਤ ਸਭਾਵਾਂ ਤੋਂ।

**ਹੌਲੇ** ਹੌਲੇ ਪੰਜਾਬੀਅਤ ਜਿਹੜੀ ਹੈ ਉਹ ਦਿੱਲੀ ਤੋਂ ਗਾਇਬ ਹੁੰਦੀ ਗਈ, ਗਾਇਬ ਹੁੰਦੀ ਜਾ ਰਹੀ ਹੈ, ਤੇ ਤਕਰੀਬਨ ਗਾਇਬ ਹੋ ਚੁਕੀ ਹੈ। ਪੰਜਾਬੀ ਦੇ ਨਾਲ ਨਾਲ ਮੈਂ ਪੰਜਾਬੀ ਸਾਹਿਤ ਦੀ ਗੱਲ ਜ਼ਿਆਦਾ ਕਰੂੰਗਾ, ਕਿ ਪਹਿਲੀ ਜਨਰੇਸ਼ਨ ਜਿਹੜੀ ਸੀ,

ਜਿਸ ਵੇਲੇ, ਪਾਕਿਸਤਾਨ ਤੋਂ ਆਏ, ਲਾਹੌਰ ਤੋਂ ਆਏ, ਲਾਹੌਰ ਤੇ ਕਲਚਰਲ ਸੈਂਟਰ ਸੀ, ਉਹਨਾਂ ਨੇ, ਜਦੋਂ ਦਿੱਲੀ ਆਏ, ਤਾਂ ਦਿੱਲੀ ਨੂੰ ਪੰਜਾਬੀ ਦਾ ਕਲਚਰਲ ਸੈਂਟਰ ਬਣਾ ਦਿੱਤਾ। ਉਹ ਵੀ 25 ਸਾਲ ਤਕ ਹੋਲੀ ਹੋਲੀ ਹੋਲੀ ਹੋਲੀ ਉਹ ਬੁੱਢੇ ਹੋ ਗਏ, ਉਹ ਵਿਚਾਰੇ ਖਤਮ ਹੋ ਗਏ, ਜਿਹੜੀ ਪਹਿਲੀ ਜਨਰੇਸ਼ਨ ਸੀ, ਉਹ ਪੰਜਾਬੀ ਬੋਲਦੀ ਸੀ, ਪੰਜਾਬੀ ਦੇ ਉੱਤੇ, ਉਹਨਾਂ ਨੂੰ ਮਾਣ ਸੀ। ਜਿਹੜੀ ਦੂਸਰੀ ਜਨਰੇਸ਼ਨ ਆਈ, ਉਹਨਾਂ ਦੇ ਬੱਚੇ ਆਏ, ਉਹ, ਉਹ ਹਿੰਦੀ ਦੇ ਸਕੂਲਾਂ ਵਿਚ ਪੜ੍ਹਨ ਲੱਗ ਪਏ, ਕੋਈ ਕੋਈ ਪੰਜਾਬੀ ਦੇ ਸਕੂਲ ਵਿਚ ਵੀ ਪੜ੍ਹਨ ਲੱਗ ਪਿਆ, ਪਰ ਕਿਓਂਕਿ ਮੇਨ ਲੈਂਗੁਏਜ ਹਿੰਦੀਆ, ਤੇ ਹਿੰਦੀ ਦੇ ਉੱਤੇ ਹੀ ਉਹਨਾਂ ਦਾ ਜ਼ਿਆਦਾ ਜ਼ੋਰ ਸੀ। ਕਿਸੇ ਕਿਸੇ ਦੇ ਘਰ ਦੇ ਵਿਚ ਪੰਜਾਬੀ ਬੋਲੀ ਜਾਂਦੀ ਸੀ, ਕਿਸੇ ਕਿਸੇ ਦੇ ਘਰ ਦੇ ਵਿਚ ਪੰਜਾਬੀ ਜ਼ਰਾ ਪਿੱਛੇ ਹੋ ਗਈ, ਇਹ ਨਾ, ਪੰਜਾਬੀ ਪਿੱਛੇ, ਹਿੰਦੀ ਬੋਲੀ ਜਾਣ ਲੱਗੀ। ਹੁਣ ਇਹ ਹੈ, ਕਿ ਜਿਹੜੀ ਤੀਸਰੀ ਜਨਰੇਸ਼ਨ ਹੈ, ਉਹਨਾਂ ਦੇ ਮਾਪੇ ਬੇਸ਼ੱਕ ਪੰਜਾਬੀ ਬੋਲਦੇ ਹੋਣ ਆਪਸ ਦੇ ਵਿਚ, ਹੈਂ, ਲੇਕਿਨ ਬੱਚੇ ਜਿਹੜੇ ਨੇ, ਉਹ ਸਬ ਹਿੰਦੀ ਹੀ ਬੋਲਦੇ ਨੇ। ਸੋ ਇਹਦਾ ਮਤਲਬ ਇਹ ਹੋਇਆ ਕਿ, ਪੰਜਾਬੀ ਨੂੰ ਪੜ੍ਹਨ ਵਾਲੀ ਜਨਰੇਸ਼ਨ, ਬਿਲਕੁਲ ਦਿੱਲੀ ਵਿਚੋਂ ਗਾਇਬ ਹੈ, ਆਲਮੋਸਟ ਗਾਇਬ ਹੈ, ਤੇ ਲਿਖਣ ਵਾਲੀ ਵੀ ਜਨਰੇਸ਼ਨ ਆਲਮੋਸਟ ਗਾਇਬ ਹੈ। ਯਾ ਨੀ, ਪਿਛਲੇ 30 ਸਾਲਾਂ ਦੇ ਵਿਚ, 1984 ਤੋਂ ਬਾਅਦ ਸਮਝ ਲੋ, ਪਿਛਲੇ 30 ਸਾਲਾਂ ਦੇ ਵਿਚ ਕੋਈ ਵੀ, ਇਕ ਵੀ, ਸਾਹਿਤਕਾਰ ਪੰਜਾਬੀ ਦਾ, ਦਿੱਲੀ ਵਿਚ ਪੈਦਾ ਨਹੀਂ ਹੋਇਆ। ਜੇ ਤੁਸੀਂ ਕਿਸੇ ਨਾਮ ਸੁਣੋ ਤਾਂ ਉਹ ਦਿੱਲੀ ਤੋਂ, ਪੰਜਾਬ ਤੋਂ ਗਏ ਹੋਏ ਨੇ ਉਥੇ, ਪ੍ਰੋਫੈਸਰ ਬਣ ਕੇ, ਲੈਕਚਰਰ ਬਣ ਕੇ, ਤੇ ਉਹਨਾਂ ਦੇ ਵਿਚ ਸੀ ਕੋਈ ਕ੍ਰਿਏਟਿਵ ਲਿਖਣ ਵਾਲਾ ਨਹੀਂ ਹੈ, ਸਾਰੇ ਲੈਕਚਰਰ ਨੇ, ਕ੍ਰਿਟੀਸਿਜ਼ਮ ਕਰ ਸਕਦੇ ਨੇ, ਮੀਟਿੰਗਾਂ ਕਰ ਸਕਦੇ ਨੇ, ਲੈਕਚਰ ਕਰ ਸਕਦੇ ਨੇ, ਲਿਖਣ ਵਾਲਾ ਕੋਈ ਨਹੀਂ। ਸੋ ਮੈਂ, ਉਹ ਹਿਸਾਬ ਨਾਲ, ਮੈਂ ਥੋੜਾ ਜਿਹਾ ਮਾਣ ਨਾਲ ਕਹਿ ਸਕਦਾ ਹੈਂ ਕਿ ਸਿਰਫ ਮੈਂ ਹੀ ਇਕ ਬਚਿਆਂ ਹੋਇਆਂ ਹਾਂ, ਜਿਹਨੇ, ਜਿਹੜਾ ਲਿਖਦਾ ਰਿਹਾ ਤੇ ਹਲੇ ਤੱਕ ਕ੍ਰਿਏਟਿਵ ਲਿਖ ਰਿਹਾ ਹੈ, 'ਪੰਜਾਬੀ ਸਾਹਿਤ ਸਭਾ' ਦੇ ਬੰਦਿਆਂ ਚੋਂ।

ਇਕ ਹੈਗੇ ਨੇ ਕਿਰਪਾਲ ਸਿੰਘ ਆਜ਼ਾਦ, ਬੜਾ ਅੱਛਾ ਨਾਮ ਉਹਨਾਂ **ਦਾ** ਤੇ ਬੜੇ ਕਮਿਟੇਡ ਕੋਮਨਿਸਟ ਮਾਇੰਡਿਡ  ਹੈਗੇ ਤੇ ਉਹਨਾਂ ਨੇ, ਬੜਾ ਅੱਛਾ ਕ੍ਰਿਟੀਸਿਜ਼ਮ ਕਰਦੇ ਨੇ, ਮੇਰੇ ਭੀ ਬੜੇ ਅੱਛੇ ਦੋਸਤ ਰਹੇ, ਉਹ ਮੇਰੇ ਤੋਂ ਭੀ 5-6 ਸਾਲ ਵੱਡੇ ਆਹ ਤੇ ਹੁਣ ਸਮਝੋ ਕਿ ਤਕਰੀਬਨ ਰਹਿ ਹੀ ਗਏ, ਕਹਿ ਸਕਦੇ **ਹਾਂ**, ਉਹਨਾਂ ਨੇ ਇਕ ਪੂਰਾ ਨਾਵਲ ਲਿਖਿਆ, 800 **ਸਫਿਆਂ** ਦਾ, ਤੇ ਉਹਦੇ ਵਿਚ, ਉਹਨਾਂ ਨੇ ਸ਼ੁਰੂ ਤੋਂ **ਲੈ** ਕੇ ਅੱਜ ਤਕ ਦੀ, ਕੋਮਨਿਸਟ ਜੋ ਲਹਿਰ ਜਿਹੜੀ ਹੈ, ਉਹਦਾ ਸਾਰੀ ਹਿਸਟਰੀ, ਸਾਰਾ, ਉਹਨਾਂ ਨੇ ਪੇਸ਼ ਕੀਤਾ ਹੈ। ਕਾਫੀ ਅੱਛੀ ਕਿਤਾਬ ਹੈ।

ਜਿਥੋਂ ਤੱਕ ਛਪਣ ਦਾ ਸਵਾਲ ਹੈ, ਕਹਾਣੀਆਂ ਮੇਰੀਆਂ, ਖਾਸ ਕਰ ਕੇ, ਕੇ ਮੈਂ ਬਹੁਤ ਸ਼ਰਮਾਕਲ ਸੀ, ਕਿ ਮੈਨੂੰ ਡਰ ਲੱਗਦਾ ਸੀ ਕਿ ਮੈਨੂੰ ਫੇਥ, ਬਹੁਤ ਭਰੋਸਾ ਨਹੀਂ ਸੀ ਕਿ ਮੇਰੀ ਕਹਾਣੀ ਕੋਈ ਅੱਛਾ ਮੈਗਜ਼ੀਨ ਛਾਪੇਗਾ ਕਿ ਨਹੀਂ, ਤੇ ਇਸ ਕਰ ਕੇ ਮੈਂ ਪੰਜਾਬ ਕਦੀ ਵੀ ਕੋਈ ਕਹਾਣੀ ਨਹੀਂ ਭੇਜੀ। ਜਿਹੜੇ ਜਿਹੜੇ ਐਡੀਟਰ, ਕੁਛ ਮੈਗਜ਼ੀਨ ਸੀਗੇ, ਉਹ ਸਾਹਿਤ ਸਭਾ 'ਚ ਆਂਦੇ ਸੀ, ਉਹਨਾਂ ਨੂੰ ਮੈਂ ਦੇ ਦਿੰਦਾ ਸੀ, ਤੇ 'ਆਸ਼ੀ' ਨੂੰ ਵੀ ਨਹੀਂ ਭੇਜੀ, 'ਆਸ਼ੀ' ਤਾਂ ਬਹੁਤ ਵੱਡਾ ਮੈਗਜ਼ੀਨ ਸੀ, ਮੇਰੇ ਹਿਸਾਬ ਨਾਲ, ਉਸ ਵੇਲੇ, ਤੇ ਅਲਬੱਤਾ, ਅੰਮ੍ਰਿਤਾ ਪ੍ਰੀਤਮ ਦੀ ਜਿਹੜੀ 'ਨਾਗਮਨੀ' ਹੈ, ਉਹਦੇ ਵਿਚ ਕਹਾਣੀਆਂ ਕਦੀ ਕਦੀ ਆ ਜਾਂਦੀਆਂ ਸੀ। ਉਹਨੂੰ ਦੇਣ ਦਾ ਵੀ ਰੀਜ਼ਨ ਇਹ ਸੀ, ਕਿ ਉਹਦਾ ਜਿਹੜਾ ਇਮਰੋਜ਼ ਸੀ, ਜਿਸ ਵੇਲੇ ਅੰਮ੍ਰਿਤਾ ਨਾਲ ਉਹਦਾ ਸੰਬੰਧ ਨਹੀਂ ਸੀ, ਉਹ ਸਾਡੇ ਦੋਸਤਾਂ ਦੇ ਦਾਇਰੇ ਵਿਚ ਸੀ, ਆਰਟਿਸਟਾਂ ਦੇ ਦਾਇਰੇ ਵਿਚ, ਤੇ ਮੈਂ ਉਸ ਨੂੰ ਜਾਣਦਾ ਸੀ ਤੇ ਖੁਸ਼ਕਿਸਮਤੀ ਨਾਲ ਉਹਦਾ ਘਰ ਵੀ ਸਾਡੇ ਘਰ ਦੇ ਕੋਲ ਹੀ ਹੈ, ਹੋਸਖਾਸ ਜਿਥੇ ਮੈਂ ਰਹਿਨਾਂ, ਤੇ ਮੈਂ ਸੈਰ ਕਰਦਾ ਕਰਦਾ ਕਦੀ **ਚਲੇ** ਜਾਣਾ, ਤੇ ਬਹਾਨਾ ਤਾਂ ਮੈਂ ਇਹ ਲਾਉਣਾ ਕਿ ਮੈਂ **ਇਮਰੋਜ਼** ਨੂੰ ਮਿਲਣ **ਆਇਆਂ**, ਤੇ ਅੰਮ੍ਰਿਤਾ ਵੀ ਉਥੇ ਹੁੰਦੀ ਸੀ,

ਓਹਨੇ ਕਹਿਣਾ, 'ਸੁਣਾ ਮਨਮੋਹਨ ਕੀ ਹਾਲ ਤੇਰਾ, ਕੋਈ ਕਹਾਣੀ ਸਾਡੇ ਗੱਲ ਵੀ, ਸਾਨੂੰ ਵੀ ਭੇਜ ਦੇ', ਤੇ ਉਹ ਮੈਂ ਭੇਜ ਦਿੰਦਾ ਸੀ, ਬਸ ਇਸ ਤਰਾਂ ਛਪਦੀਆਂ ਰਹੀਆਂ।

ਤੇ ਉਸ ਤੋਂ ਬਾਅਦ, ਮੈਨੂੰ ਪਤਾ ਨਹੀਂ ਕਿ ਤੁਸੀਂ ਰਿਕਾਰਡ ਕਰਨਾ ਹੈ ਕਿ ਨਹੀਂ, ਤੇ ਫੇਰ ਮੈਂ ਤਕਰੀਬਨ, ਮੇਰੀ ਦੋ ਕਿਤਾਬਾਂ ਆਈਆਂ, ਇਕ "ਇਕ ਰਾਤ" 1962 **ਵਿੱਚ**, ਉਸ ਤੋਂ 20 ਸਾਲ ਬਾਅਦ ਆਈ **ਦੂਜੀ ਕਿਤਾਬ ਆਈ** 1983 ਦੇ ਵਿਚ, "ਚਿੱਟੇ ਘੋੜੇ ਦਾ ਸਵਾਰ", ਉਸ ਤੋਂ ਬਾਅਦ ਫੇਰ 20 ਸਾਲ ਦਾ ਵਿਚ ਫ਼ਾਸਲਾ ਰਿਹਾ। ਉਸ ਤੋਂ ਬਾਅਦ ਮੈਂ ਸੋਚਿਆ, ਪਹਿਲਾਂ ਵੀ ਇਹ ਹੀ ਸੋਚਿਆ ਸੀ ਕਿ ਲਿਖਣ ਦਾ ਕੀ ਹੈ? ਲਿਖ ਤੇ ਲਵਾਂਗੇ ਕਿਸੇ ਵੀ ਵੇਲੇ, 40 ਸਾਲ ਦੀ ਉਮਰ ਵਿਚ ਲਿਖ ਲਾਵਾਂਗੇ, 50 ਸਾਲ ਦੀ ਉਮਰ ਵਿਚ ਲਿਖ ਲਵਾਂਗੇ, 60 ਸਾਲ ਦੀ ਉਮਰ ਵਿਚ ਲਿਖ ਲਵਾਂਗੇ ਪਰ ਜਿਹੜਾ ਘੁੰਮਣਾ ਫਿਰਨਾ ਹੈ ਨਾ, ਉਹ ਤੇ ਤਾਂ 50 ਸਾਲ ਦੀ ਉਮਰ ਤੋਂ ਬਾਅਦ ਹੋਣਾ ਹੀ ਨਹੀਂ, ਸੋ ਜਦ ਤਕ ਪੈਰ ਚਲਦੇ ਨੇ, ਘੁੰਮੋ ਫਿਰੋ, ਜ਼ਿੰਦਗੀ ਦਾ ਜਿਹੜਾ ਐਕਸਪੀਰੀਐਂਸ ਹੈ, ਉਹ ਹਾਸਿਲ ਕਰੋ। ਉਹਦੇ ਵਿਚ ਮੈਂ, 20 ਸਾਲ ਕੋਈ ਕਿਤਾਬ ਨਹੀਂ ਛਪੀ, ਕਦੀ ਕਦੀ ਲਿਖ ਲੈਂਦਾ ਸੀ ਮੈਂ ਅਲਬੱਤਾ, ਬਈ ਚਲੋ, ਹਾਂ ਨਹੀਂ, ਲਿਖ ਲਈਏ, ਸੋ ਉਸ ਤੋਂ ਬਾਅਦ **ਫਿਰ** ਜਿਹੜੀ ਤੀਸਰੀ ਕਹਾਣੀ ਜਿਹੜੀ ਹੈ, ਤੀਸਰੀ **ਕਿ**ਤਾਬ, ਉਹ ਜਾ ਕੇ 1990 ਦੇ ਵਿਚ ਛਪੀ "ਆਜ਼ਾਦ ਸੁੰਦਰੀ" ਬਹੁਤ ਮਸ਼ਹੂਰ ਹੋਈ। ਨਵਾਂ ਮੋੜ **ਆਇਆ** ਕਿ 1984 ਦੇ ਵਿਚ ਮਹਿਸੂਸ ਕੀਤਾ ਕੇ, ਜਿਹੜੇ ਸਿੱਖ ਤੇ ਹਿੰਦੂਆਂ ਦੇ ਵਿਚ ਬਹੁਤ ਭਾੜਾ ਪੈ ਰਿਹਾ ਹੈ, ਤੇ ਪੋਲੀਟਿਕਲੀ ਤੇ ਮੈਂ ਕੁਛ ਨਹੀਂ ਕਰ ਸਕਦਾ ਲੇਕਿਨ ਐਜ਼ ਏ ਥਿੰਕਰ, ਐਜ਼ ਏ ਰਾਈਟਰ, ਜੇ ਮੈਂ ਕੁਛ ਕਰ ਸਕਾਂ ਤਾਂ ਮੈਂ ਮਹਿਸੂਸ ਕੀਤਾ ਕੇ ਜਿਹੜੇ ਮੁਸਲਮਾਨ ਹੈਗੇ, ਉਹ ਆਪਣੀ ਹਿਸਟਰੀ ਸਮਝਦੇ ਨੇ, ਮਹਿਮੂਦ ਗ਼ਜ਼ਨੀ ਤੋਂ ਲੈ ਕੇ ਸ਼ੁਰੂ ਹੋਈ ਹੈ, ਮੁਹੰਮਦ ਗੌਰੀ ਤੋਂ ਸ਼ੁਰੂ ਹੋਈ, ਸਿੱਖ ਜਿਹੜੇ ਨੇ, ਉਸ ਤੋਂ ਵੀ ਪਿੱਛੇ ਹੋ ਗਏ, ਉਹ ਕਹਿੰਦੇ ਨੇ ਕਿ ਸਾਡੀ ਹਿਸਟਰੀ ਜਿਹੜੀ ਹੈ, ਉਹ ਗੁਰੂ ਨਾਨਕ ਤੋਂ ਸ਼ੁਰੂ ਹੋਈ, ਲੇਕਿਨ ਪੰਜਾਬ ਦੀ ਜਿਹੜੀ ਪੰਜਾਬੀਆਂ ਦੀ ਹਿਸਟਰੀ ਹੈ, ਉਹ ਤੇ, ਸਾਰਿਆਂ

ਤੋਂ, ਹਿੰਦੁਸਤਾਨ ਵਿਚੋਂ, ਸਾਰਿਆਂ ਤੋਂ ਪੁਰਾਣੀ ਹੈ, ਤੇ ਸਾਡੀ ਹਿਸਟਰੀ ਤਾਂ ਮੋਹਿੰਜੋਦੜਾ ਹੜੱਪਾ ਤੋਂ ਸ਼ੁਰੂ ਹੋਈ, ਵੈਦਿਕ ਕਾਲ ਤੋਂ ਸ਼ੁਰੂ ਹੋਈ, ਅਸੀਂ ਇਸ ਦੇ ਬਾਰੇ ਕਿਉਂ ਨਹੀਂ ਸੋਚਦੇ, ਤੇ ਉਹ ਮੈਂ ਸੋਚਿਆ ਕਿ ਮੈਂ ਕਹਾਣੀਆਂ ਲਿਖਾਂ ਤੇ ਮੈਂ ਵੈਦਿਕ ਕਾਲ ਤੋਂ ਸ਼ੁਰੂ ਕਰ ਕੇ ਤੇ ਮਾਡਰਨ ਸਮੇਂ ਤਕ ਦਾ, ਦਿਮਾਗ ਵਿਚ ਬਣਾਇਆ ਨਕਸ਼ਾ, ਕਿ ਮੈਂ ਇਦਾਂ ਲਿਖਾਂ ਤਾਂ ਕਿ ਸਾਡੇ ਪਾਠਕਾਂ ਨੂੰ ਪਤਾ ਲੱਗੇ। ਸਿੱਧਾ ਲੇਖ ਲਿਖਾਂਗਾ ਤਾਂ ਉਹਨਾਂ ਨੂੰ ਇੰਟਰੈਸਟ ਨਹੀਂ ਆਉਣਾ, ਕਹਾਣੀਆਂ ਤੋਂ ਉਹਨਾਂ ਨੂੰ ਜ਼ਿਆਦਾ ਸਮਝ ਆ ਸਕਦੀ ਹੈ, ਤੇ ਮੈਂ ਫੇਰ ਉਸ ਤਰਾਂ ਦੀ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਤੇ ਉਹਦੇ ਵਿਚ ਕੰਸੈਪਟ ਜਿਹੜਾ ਤੁਸੀਂ ਕਿਹਾ, ਕੀ ਨਾਂ ਲਿਆ ਸੀ ਉਹਦਾ? ਸੈਕੂਲਰ ਦਾ? ਸੈਕੂਲਰ ਦਾ, ਉਹਦਾ ਕੰਸੈਪਟ ਮੈਂ ਇਹ ਹੀ ਲਿਆ ਕਿ ਕਿਹੜੀਆਂ ਕਿਹੜੀਆਂ ਜਾਤੀਆਂ, ਕਿਹੜੇ ਕਿਹੜੇ ਲੋਗ ਜਿਹੜੇ ਸੀਗੇ, ਉਹ ਬੈਕਗਰਾਉਂਡ ਵਿਚ ਜਾਂਦੇ ਰਹੇ ਤੇ ਕਿਹੜੇ ਕਿਹੜੇ ਐਸ਼ ਕਰਦੇ ਰਹੇ, ਉਪਰ ਆਉਂਦੇ ਰਹੇ, ਉਹਨਾਂ ਦੇ ਵਿਚ, ਆਰੀਆ ਜਾਤ ਸੀਗੀਆਂ, ਆਦਿਵਾਸੀ ਸੀਗੇ, ਤੇ ਦਾਸ ਸੀਗੇ, ਏਹਨਾਂ ਨੂੰ ਮੈਂ ਜ਼ਿਆਦਾ ਇਮਪੋਰਟੈਂਸ ਦਿਤੀ। ਤੇ ਉਦਾਂ ਦੀਆਂ ਕਹਾਣੀਆਂ ਲਿਖੀਆਂ, ਜਿੱਦਾਂ ਕਿ ਸਭ ਤੋਂ ਪਹਿਲਾਂ ਕਹਾਣੀ ਲਿਖੀ, ਉਹ ਇਕਲਵਯਾ ਤੇ ਲਿਖੀ, ਇਦਾਂ ਹੀ ਕਰੈਕਟਰ ਲੈ ਕੇ ਮੈਂ ਉਹ ਸਾਰੀਆਂ ਕਹਾਣੀਆਂ ਲਿਖੀਆਂ। ਤੇ ਉਸ ਤੋਂ, ਉਹਨਾਂ ਤੋਂ ਮੈਂ, ਇਤਿਹਾਸ ਤੋਂ ਮਿਥਿਹਾਸ ਤੋਂ ਮੈਂ ਆਪਣੇ ਅਰਥ ਕੱਢਦਾ ਰਿਹਾ ਤੇ ਉਸ ਅਰਥਾਂ ਨੂੰ, ਕਹਾਣੀਆਂ ਰਾਹੀਂ ਪਾਠਕਾਂ ਸਾਹਮਣੇ ਪੇਸ਼ ਕੀਤਾ ਤੇ ਮੈਨੂੰ ਇਸ ਚੀਜ਼ ਦੀ ਖੁਸ਼ੀ, ਤਸੱਲੀ ਕਿ, ਪਾਠਕਾਂ ਨੇ, ਪੰਜਾਬੀ ਪਾਠਕਾਂ ਨੇ, ਉਸ ਨੂੰ ਸਰਾਇਆ ਤੇ ਉਸ ਨੂੰ ਸਮਝਿਆ।

ਹਾਂ, ਬਹੁਤ ਬਹੁਤ ਜਿਹੀਆਂ ਕਲੈਕਸ਼ਨ ਹੀ ਇਹੋ ਜਿਹੀਆਂ ਸੀ, ਪਹਿਲਾਂ 'ਆਜ਼ਾਦ ਸੁੰਦਰੀ' ਸੀ, ਫਿਰ 'ਨਰਬਲੀ' ਸੀ, ਉਸ ਤੋਂ ਬਾਅਦ, ਇਹ ਦੋਨੋਂ ਜਿਹੜੀਆਂ ਸੀ, ਉਹ ਇਤਿਹਾਸ ਮਿਥਿਹਾਸ ਤੇ, ਉਸ ਤੋਂ ਬਾਅਦ ਆਈ ਮੇਰੀ ਜਿਹੜੀ, ਉਹ ਜ਼ਿਆਦਾਤਰ ਪਰਬਤਾਂ, ਆਦਿ ਵਾਸੀਆਂ ਤੇ, ਦੀਆਂ ਕਹਾਣੀਆਂ ਸੀਗੀਆਂ, ਉਹਦਾ ਨਾਂ ਜਿਹੜਾ, ਕੀ ਸੀਗਾ? "ਕਾਲਾ

ਕਬੂਤਰ" ਤੇ ਇਕ ਹੋਰ ਕਹਾਣੀ, ਚਾਰ ਕਹਾਣੀਆਂ, ਮਤਲਬ ਆ ਚੁਕੀਆਂ, ਫਿਰ ਨਾਵਲ ਜਿਹੜੇ ਲਿਖੇ, ਉਹ ਤਾਂ ਸਾਰੇ, ਇਤਿਹਾਸ ਤੇ ਮਿਥਿਹਾਸ ਤੇ, ਡਿਪੈਂਡੈਂਟ ਹੈ।

ਉਹ ਟਾਈਮ ਉਹ ਹੀ ਸੀਗਾ, ਜਿਸ ਵੇਲੇ ਮੁਹੰਮਦ ਗਜ਼ਨੀ ਦੇ ਨਾਲ ਉਹ ਆਇਆ, ਉਸ ਟਾਈਮ ਵਿਚ ਸੀਗਾ ਉਹ, ਮਿਥ ਇਹ ਹੈਗਾ ਕਿ ਉਹ 600 ਸਾਲ ਤਕ ਜਿਉਂਦਾ ਰਿਹਾ, 700 ਸਾਲ ਤਕ ਜਿਉਂਦਾ, ਸੋ ਜਿਉਂਦਾ ਰਿਹਾ ਜਾਂ ਨਹੀਂ, ਉਹ ਕਹਿ ਨਹੀਂ ਸਕਦੇ, ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਮਿਲਿਆ, ਇਹ ਵੀ ਕਹਿੰਦੇ ਨੇ, ਸੋ ਮੈਂ ਉਸ ਨੂੰ ਕਰੈਕਟਰ, ਬਣਾਇਆ ਕਿ ਉਹ ਹਾਜੀ ਰਤਨ, ਯਾਂਨੀ ਕਿ ਉਹ ਮੁਸਲਮਾਨ ਵੀ ਸੀ ਤੇ ਹਿੰਦੂ ਵੀ ਸੀ, ਤੇ ਉਸ ਨੂੰ ਮੈਂ ਕਰੈਕਟਰ ਬਣਾ ਕੇ, ਕਿ ਗਜ਼ਨੀ ਵਿਚ ਵੀ ਰਹਿੰਦਾ ਸੀਗਾ, ਤੇ ਇੰਡੀਆ ਵਿਚ ਵੀ ਰਹਿੰਦਾ ਸੀ, ਤੇ ਕਰੈਕਟਰ ਬਣਾ ਕੇ, ਉਹ ਨੂੰ, ਇਕ ਤਰਾਂ ਦਾ, ਜਿਸ ਨੂੰ ਕਹਿੰਦੇ ਨੇ ਕਿ ਜਾਸੂਸ ਬਣਾ ਦਿੱਤਾ, ਕਿ ਉਹ, ਉਸ ਵੇਲੇ ਦੇ ਜਿਹੜੇ ਹਿੰਦੂ ਰਾਜਾ ਸੀਗੇ, ਉਹ ਜੈਪਾਲ, ਅਨੰਦਪਾਲ ਸੀਗੇ, ਉਹਨਾਂ ਦਾ ਜਾਸੂਸ ਬਣਾ ਦਿੱਤਾ, ਕਿ ਉਹ ਭੇਦ ਲੈਂਦਾ ਸੀ, ਕਿ ਉਹ ਹਾਜੀ ਦੀ ਤਰਾਂ ਕਾਬਲ ਚ ਗਜ਼ਨੀ ਵਿਚ ਰਹਿੰਦਾ ਸੀ ਤੇ ਇਹਨਾਂ ਨੂੰ ਖ਼ਬਰਾਂ ਵੀ ਭੇਜਦਾ ਸੀ, ਨਹੀਂ?

'ਆਜ਼ਾਦ ਸੁੰਦਰੀ' ਦੀ ਪਹਿਲੀ ਕਹਾਣੀ, ਜਿਹੜੀ ਲਿਖੀ ਮੈਂ, ਇਤਿਹਾਸ, ਮਿਥਿਹਾਸ ਦੇ ਉੱਤੇ, ਉਹਦਾ ਕਹਾਣੀ ਦਾ ਜਿਹੜਾ ਤਾਣਾ ਬਾਣਾ ਹੈਗਾ, ਉਹ ਤੇ ਇਹ ਹੈ ਕਿ ਜਿਸ ਵੇਲੇ ਸੰਗੋਲ ਦੀ ਖੁਦਾਈ ਜਿਹੜੇ, ਦੇਖੀ ਹੈ ਨਾ ਸੰਗੋਲ, ਹੋਈ, ਉਹ ਤੇ ਮੈਂ ਦੇਖਣ ਗਿਆ ਤੇ ਉਹ, ਮੈਂ ਬੜਾ ਪ੍ਰਭਾਵਿਤ ਹੋਇਆ, ਕਿ ਇਹਦੇ ਉੱਤੇ ਕਹਾਣੀ ਮੈਂ ਲਿਖਾਂ, ਓਹਦੇ ਫਿਰ ਮੈਂ ਕਰੈਕਟਰ ਆਪਣੇ ਤਖੀਲ ਦੇ ਵਿਚ ਲਿਆਉਣੇ ਸ਼ੁਰੂ ਕੀਤੇ, ਅਕਸੀਡੈਂਟਲੀ, ਕੁਛ ਏਦਾਂ ਦੀ ਇਕ ਘਟਨਾ ਵਾਪਰੀ, ਕਿ ਮੈਂ ਉਸ ਘਟਨਾ ਨੂੰ ਕਹਾਣੀ ਦਾ ਘਟਨਾ ਸਥਲ ਬਣਾ ਲਿਆ, ਤੇ ਜਿਹੜੇ ਦਿੱਲੀ ਦੇ ਉਸ ਵੇਲੇ ਦੇ ਜਿੰਨੇ ਵੀ ਰਾਈਟਰ ਸੀਗੇ, ਇਹ ਸਾਰੇ ਉਸ ਵੇਲੇ ਦੇ ਕਰੈਕਟਰ, ਵੈਸੇ ਹੈ ਅੱਠਵੀਂ ਤੇ ਸੱਤਵੀਂ ਦੀ, ਹੁਣ ਜਿੱਦਾਂ, ਓਹਦੇ ਵਿਚ, ਹੈਨਾ, ਆਦਮਗੁਪਤ ਨਾਮ ਰੱਖਿਆ, ਉਹਦੇ

ਵਿਚ, ਹੁਣ ਉਹ ਆਦਮਜੀਤ ਹੈ ਨਾਟਕਕਾਰ ਹੈ, ਓਹਦੇ ਵਿਚ ਲਿਖਿਆ ਗਿਆ ਆਦਮਗੁਪਤ ਨਾਟਕਕਾਰ ਹੈ, ਆਦਮਜੀਤ ਨਾਟਕਕਾਰ ਹੈ। ਫੇਰ ਹਰਿਵਰਧਨ, ਉਹ ਗਿਆਨੀ ਡਾਕਟਰ ਹਰਭਜਨ ਸਿੰਘ ਹੈ, ਏਦਾਂ ਹੀ, ਸਤਿੰਦਰ ਸਿੰਘ ਨੂਰ, ਸਤਿੰਦਰਗੁਪਤ।

'ਕਾਲਾ ਕਬੂਤਰ' ਕਹਾਣੀ ਦੇ ਬਾਰੇ ਮੈਂ ਗੱਲ ਕਰਨ ਲਗਾਂ, ਤੇ ਉਹ ਬੈਕਗਰਾਉਂਡ ਇਸ ਤਰਾਂ ਹੈ ਕਿ ਮੈਂ ਤਰਾਈ ਦੇ ਮੈਦਾਨ ਵਿਚ ਸੈਰ ਸੂਰ ਕਰਨ ਗਿਆ, ਤਰਾਈ ਦੇ ਮੈਦਾਨ ਨਾਲ ਹੀ ਨੇਪਾਲ ਲੱਗਦਾ ਹੈ, ਤੇ ਓਥੇ ਇਕ ਟ੍ਰਾਈਬ ਦੇਖਿਆ, ਥਾਰੂ ਟ੍ਰਾਈਬ ਉਸ ਨੂੰ ਕਹਿੰਦੇ**ਆ**, ਉਸ ਦੀ ਕਹਾਣੀ ਇਸ ਤ**ਰਾਂ** ਹੈ ਕਿ ਜਿਸ ਵੇਲੇ, ਰਾਜਪੂਤ, ਰਾਜੇ ਮੁਗ਼ਲਾਂ ਨਾਲ ਲੜਦੇ ਸੀ, ਮੁਸਲਮਾਨਾਂ ਨਾਲ, ਤਾਂ ਇਕ ਵਾਰੀ **ਇਸ ਤਰਾਂ** ਹੋਇਆ ਕਿ ਇਕ ਰਾਜੇ ਨੇ ਸੋਚਿਆ ਕਿ ਇਹਦੇ ਨਾਲ ਤਾਂ ਹੀ ਲੜ੍ਹ ਸਕਦੇ ਹੈਂ ਅਸੀਂ, ਬਾਦਸ਼ਾਹਾਂ ਦੇ ਨਾਲ, ਜੇ ਸਾਨੂੰ ਆਪਣੀ **ਫੈਮਲੀਜ** ਦਾ ਡਰ ਨਾ ਹੋਵੇ, ਉਹ ਲੜ੍ਹਨ ਤੋਂ ਪਹਿਲਾਂ, ਕੋਈ ਖਾਸ ਲੜ੍ਹਾਈ ਲੜ੍ਹਣ ਤੋਂ ਪਹਿਲਾਂ, ਆਪਣੀ ਔਰਤਾਂ ਨੂੰ ਤਰਾਈ ਦੇ ਜੰਗਲਾਂ ਵਿਚ ਛਡ ਆਏ, **ਆਪਣੇ** ਨੌਕਰਾਂ ਨੂਕਰਾਂ, **ਨੌਕਰਾਂ ਨੌਕਰਾਣੀਆਂ** ਦੇ ਨਾਲ। ਤੇ ਆਪ ਆ ਗਏ, ਤੇ ਲੜਦੇ ਲੁੜ੍ਹਦੇ ਉਹ ਬੇਚਾਰੇ ਮਰ ਗਏ, ਜੇ ਮਰ ਹੀ ਗਏ, ਤਾਂ ਉਹਨੂੰ, ਆਪਣੀਆਂ ਰਾਣੀਆਂ ਨੂੰ, ਤੇ ਰਾਜਕੁਮਾਰੀਆਂ ਨੂੰ, ਕਿਵੇਂ, ਕਿੱਦਾਂ **ਲੈ** ਕੇ ਆਉਂਦੇ ਵਾਪਸ, ਉਹ ਉਥੇ ਰਹਿ ਗਈਆਂ, ਹੁਣ ਜਿਸ ਵੇਲੇ, ਉਹਨਾਂ ਦੀਆਂ ਕੁੜੀਆਂ ਵੱਡੀਆਂ ਹੋ ਗਈਆਂ, ਉਹਨਾਂ ਨੂੰ ਸ਼ਾਦੀਆਂ ਸ਼ੂਦੀਆਂ ਵੀ ਕਰਨੀਆਂ ਸੀ, ਉਹਨਾਂ ਨੇ, ਸ਼ਾਦੀਆਂ ਨੌਕਰਾਂ ਦੇ ਬੱਚਿਆਂ ਨਾਲ ਕੀਤੀਆਂ, ਹੁਣ ਉਹ ਟ੍ਰਾਈਬ ਜਿਹੜਾ ਹੈ, ਉਥੇ ਰਹਿੰਦਾ ਹੈ, ਔਰਤਾਂ ਜਿਹੜੀਆਂ ਨੇ, ਉਹ ਹੈਡ ਓਫ ਦ ਫੈਮਲੀ ਹੁੰਦੀਆਂ ਨੇ, ਚਾਹੇ ਬੱਚੇ ਉਹਨਾਂ ਦੇ ਹੀ ਹੋਣ, ਲੇਕਿਨ ਆਦਮੀ ਜਿਹੜੇ ਨੇ, ਉਹਨਾਂ ਨੂੰ ਛੋਟਾ ਸਮਝਿਆ ਜਾਂਦਾ ਹੈ, ਤੇ ਉਹ ਮੈਂ, ਉਹਨਾਂ ਦੇ ਬਾਰੇ ਕਹਾਣੀ ਲਿਖੀ, ਤੇ ਕਾਲਾ ਕਬੂਤਰ ਸਿੰਬਲ ਬਣਾ ਲਿਆ ਕਿ ਕਾਲਾ ਕਬੂਤਰ ਬਹੁਤ ਘੱਟ ਮਿਲਦਾ ਹੈ, ਕਿ ਪਹਿਲਾਂ ਜੋੜਾ ਸੀ ਤੇ ਹੁਣ ਇੱਕੋ ਹੀ ਰਹਿ ਗਿਆ ਤੇ ਹੁਣ ਉਹ ਆਪਣੇ ਜੋੜੇ ਨੂੰ ਲੱਭ ਰਿਹਾ ਹੈ,

ਕਬੂਤਰੀ ਨੂੰ **ਲੱਭ** ਰਿਹਾ ਹੈ ਤੇ ਖ਼ੈਰ ਇਹ ਤਾਂ ਬੈਕਗਰਾਉਂਡ ਹੈਗੀ ਹੈ, ਤੇ ਉਹਦੇ ਵਿਚ ਮੈਂ ਬਤਾਣਾ ਸੀਗਾ ਕਿ ਇਕ ਓਥੋਂ ਦੀ ਜਿਹੜੀ ਵਿਲੇਜ ਦੀ ਰਾਣੀ ਹੈ, ਉਹਦਾ ਹਸਬੈਂਡ ਹੈ, ਉਹਦਾ ਹਸਬੈਂਡ ਜਿਹੜਾ ਹੈ, ਉਹ ਬੜਾ ਮਸਤ ਆਦਮੀ ਹੈ, ਬੰਸਰੀ ਬਜਾਂਦਾ ਰਹਿੰਦਾ ਹੈ ਤੇ ਉਹ **ਕੀ** ਹੁੰਦਾ ਹੈ, **ਕੀ** ਨਹੀਂ ਹੁੰਦਾ ਹੈ, ਉਹ ਰਾਣੀ ਜਾਣੇ, ਨਾ ਜਾਣੇ, ਉਹਦਾ ਕਰੈਕਟਰ ਜਿਹੜਾ ਹੈ, ਉਹ ਮੇਰਾ ਆਪਣਾ ਜਿਹੜਾ ਗੁਰੂ ਸੀ, ਉਹ ਪੇਂਟਿੰਗ ਦਾ, ਉਸ ਨੂੰ ਮੈਂ ਲਿਆ, ਉਹਦੇ, ਪੇਂਟਿੰਗ ਦੀ ਬਜਾਏ ਉਹਨੇ ਬੰਸਰੀ ਬਜਾਤਾ, ਕਿਸੇ ਦੀ ਪਰਵਾਹ ਨਹੀਂ ਸੀ ਕਰਦਾ, ਜਿੱਥੇ ਗਿਆ, ਉੱਥੇ ਬੈਠਾ ਰਿਹਾ, ਬਜਾਂਦਾ ਰਿਹਾ, ਦੋ ਦੋ ਦਿਨ ਘਰ ਨਹੀਂ ਸੀ ਆਂਦਾ, ਏਦਾਂ, ਜੀਵਨ ਦੇ ਵਿਚੋਂ ਕਰੈਕਟਰ ਲੈ ਕੇ ਕਹਾਣੀਆਂ ਦੇ ਵਿਚ ਪਾਏ ਹੋਏ ਨੇ, ਚਾਹੇ ਮਿਥਿਹਾਸ ਹੈ, ਚਾਹੇ ਇਤਿਹਾਸ ਹੈ।